# ਕਾਲਜ ਪ੍ਰਾਪਤੀਆਂ/ਗਤੀਵਿਧੀਆਂ ਦੀ ਸਾਲਾਨਾ ਰਿਪੋਰਟ

## (2023-24)

ਮਹਾਨ ਸ਼ਹੀਦਾਂ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਮੋਰਿੰਡਾ ਤੇ ਸਥਿਤ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਦੇ ਨਾਂ ਤੇ ਬਣਿਆ ਇਹ ਕਾਲਜ ਪੇਂਡੂ ਵਰਗ ਦੀਆਂ ਲੜਕੀਆਂ ਨੂੰ ਉਚੇਰੀ ਸਿੱਖਿਆ ਦੇਣ ਦੇ ਮਨੋਰਥ ਹਿਤ ਕਾਲਜ ਦੇ ਬਾਨੀ ਸੰਤ ਬਾਬਾ ਸੁਰਜਨ ਸਿੰਘ ਜੀ ਦੀ ਦੂਰ-ਅੰਦੇਸ਼ੀ ਸੋਚ ਅਤੇ ਅਣਥੱਕ ਕੋਸ਼ਿਸ਼ਾਂ ਸਦਕਾ 1971 'ਚ ਹੋਂਦ ਵਿਚ ਆਇਆ। ਇਸ ਇਲਾਕੇ ਵਿੱਚ ਸਥਿਤ ਲੜਕੀਆਂ ਦਾ ਇਹ ਸਭ ਤੋਂ ਪੁਰਾਣਾ ਕਾਲਜ ਹੈ ਜੋ ਪਿਛਲੇ 52 ਸਾਲਾਂ ਤੋਂ ਪੇਂਡੂ/ਸ਼ਹਿਰੀ ਲੜਕੀਆਂ ਨੂੰ ਆਰਟਸ, ਕਾਮਰਸ,ਮੈਨੇਜਮੈਂਟ, ਕੰਪਿਊਟਰ ਅਤੇ ਫੈਸ਼ਨ ਡਿਜ਼ਾਇਨਿੰਗ ਕੋਰਸਾਂ ਵਿਚ ਉਚ-ਪੱਧਰੀ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਲੜਕੀਆਂ ਨੂੰ ਦੂਰ-ਦੁਰਾਡੇ ਦੇ ਪਿੰਡਾਂ ਤੋਂ ਲਿਆਉਣ ਲਈ ਕਾਲਜ ਵਲੋਂ ਬੱਸਾਂ ਦਾ ਉਚੇਚਾ ਪ੍ਰਬੰਧ ਹੈ ।

ਬਦਲਦੇ ਪਰਿਪੇਖ ਵਿੱਚ ਡਿਗਰੀ ਪੱਧਰ ਤੇ ਵਿੱਦਿਆ ਨੂੰ ਕਿੱਤਾ-ਮੁੱਖੀ ਬਣਾਉਣ ਦੇ ਉਦੇਸ਼ ਨਾਲ ਯੂ.ਜੀ.ਸੀ. ਦੀ ਕੈਰੀਅਰ ਓਰੀਐਂਟਡ ਪ੍ਰੋਗਰਾਮ ਦੀ ਸਕੀਮ ਤਹਿਤ ਵੱਖ-ਵੱਖ ਵਿਸ਼ਿਆਂ ਦੇ 5 ਐਡ ਆਨ ਕੋਰਸ ਵੀ ਚਲਾਏ ਜਾ ਰਹੇ ਹਨ - ਡਾਟਾ ਕੇਅਰ ਮੈਨੇਜਮੈਂਟ, ਸਪੋਕਨ ਇੰਗਲਿਸ਼, ਫਾਈਨ ਆਰਟਸ, ਫੈਸ਼ਨ ਡਿਜ਼ਾਇਨਿੰਗ, ਮਿਊਜ਼ਿਕ ਵੋਕਲ। ਇਹ ਤਿੰਨ ਸਾਲਾ ਕੋਰਸ ਹਨ : ਪਹਿਲੇ ਸਾਲ ਵਿਚ ਸਰਟੀਫਿਕੇਟ ਕੋਰਸ, ਦੂਜੇ ਸਾਲ ਵਿਚ ਡਿਪਲੋਮਾ ਕੋਰਸ ਅਤੇ ਤੀਜੇ ਸਾਲ ਵਿਚ ਐਡਵਾਂਸ ਡਿਪਲੋਮਾ ਕੋਰਸ ਦਾ ਸਰਟੀਫਿਕੇਟ ਦਿੱਤਾ ਜਾਂਦਾ ਹੈ ।ਸਪੋਕਨ ਇੰਗਲਿੰਸ਼ ਲਈ ਲੈਂਗੂਏਜ ਲੈਬ ਬਣੀ ਹੋਈ ਹੈ ਜਿਸ ਵਿਚ ਆਧੁਨਿਕ ਹਾਰਡਵੇਅਰ ਅਤੇ ਸੌਫਟਵੇਅਰ ਇੰਸਟਾਲ ਕੀਤੇ ਗਏ ਹਨ । ਕਾਲਜ ਵਿਚ ਆਧੁਨਿਕਤਮ ਸਹੂਲਤਾਂ ਭਰਪੂਰ ਵਾਈ-ਫਾਈ ਕੰਪਿਊਟਰ ਲੈਬਜ਼ ਹਨ ।

ਸੋ ਕਾਲਜ ਨਿਰੰਤਰ ਵਿਕਾਸ ਕਰ ਰਿਹਾ ਹੈ ।ਕਾਲਜ ਦੇ ਵਿਕਾਸ ਵਿਚ ਸੱਚਖੰਡ ਵਾਸੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣਾ ਅਤੇ ਦਾਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਕਾਲਜ ਕੈਂਪਸ (ਰਕਬਾ 5 ਏਕੜ) ਵਿੱਚ ਇਸ ਸਮੇਂ ਆਰਟਸ,ਕਾਮਰਸ ਅਤੇ ਮੈਨੇਜਮੈਂਟ ਬਲਾਕ ਲਈ ਤਿੰਨ ਮੰਜ਼ਿਲਾ, ਕੰਪਿਊਟਰ ਬਲਾਕ ਲਈ ਦੋ ਮੰਜ਼ਿਲਾ, ਖੇਡ ਵਿੰਗ ਲਈ ਤਿੰਨ ਮੰਜਿਲਾ ਇਮਾਰਤ ਤੋਂ ਇਲਾਵਾ ਵੱਡੀ ਲਾਇਬਰੇਰੀ, ਕਾਲਜ ਹਾਲ (105'×60'), ਲੜਕੀਆਂ ਦਾ ਤਿੰਨ ਮੰਜ਼ਿਲਾ ਹੋਸਟਲ, ਲੜਕੀਆਂ ਦਾ ਕਾਮਨ ਰੂਮ, ਇਕ ਸੈਮੀਨਾਰ ਹਾਲ ਅਤੇ ਕੰਟੀਨ ਮੌਜੂਦ ਹਨ ।

## ਲਾਇਬਰੇਰੀ

ਕਾਲਜ ਵਿਚ ਆਧੁਨਿਕਤਮ ਸਹੂਲਤਾਂ ਨਾਲ ਭਰਪੂਰ ਲਾਇਬਰੇਰੀ ਹੈ । ਇਸ ਵਿਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ 19,375 ਕਿਤਾਬਾਂ ਹਨ । ਲੋੜਵੰਦ ਵਿਦਿਆਰਥੀਆਂ ਲਈ ਸਾਰਾ ਸਾਲ ਮੁਫ਼ਤ ਕਿਤਾਬਾਂ ਮੁਹੱਈਆ ਕਰਵਾਉਣ ਦੇ ਆਸ਼ੇ ਨਾਲ ਬੁੱਕ ਬੈਂਕ ਦੀ ਵਿਵਸਥਾ ਵੀ ਕੀਤੀ ਗਈ ਹੈ ।

ਲਾਇਬਰੇਰੀ ਵਿਚ ਰੋਜ਼ਾਨਾ 9 ਅਖਬਾਰਾਂ, ਹਰ ਮਹੀਨੇ 15 ਮੈਗਜ਼ੀਨ ਅਤੇ 12 ਜਰਨਲ ਆਉਂਦੇ ਹਨ। ਇਸ ਤੋਂ ਇਲਾਵਾ ਫੋਟੋਸਟੇਟ ਮਸ਼ੀਨ, ਕੰਪਿਊਟਰ ਅਤੇ ਵਾਈ-ਫਾਈ ਦੀ ਸਹੂਲਤ ਹੈ।

## ➢ ਵਿੱਦਿਅਕ ਪ੍ਰਾਪਤੀਆਂ:

ਕਾਲਜ ਦੇ ਪ੍ਰਤੀਬੱਧ ਸਟਾਫ਼ ਵਿਦਿਆਰਥੀਆਂ ਦੀ ਮਿਹਨਤ ਸਦਕਾ ਕਾਲਜ ਦੀਆਂ ਜ਼ਿਆਦਾਤਰ ਜਮਾਤਾਂ ਦੇ ਨਤੀਜੇ 100% ਰਹੇ ਹਨ ਅਤੇ ਬਹੁ ਗਿਣਤੀ ਵਿਦਿਆਰਥੀ ਪਹਿਲੀ ਪੁਜ਼ੀਸ਼ਨ ਵਿੱਚ ਪਾਸ ਹੋਏ ਹਨ।

ਕਾਲਜ ਦੀ ਮੈਰਿਟ ਲਿਸਟ ਦੇ ਵਿਦਿਆਰਥੀਆਂ ਦਾ ਵੇਰਵਾ

| ਲੜੀ ਨੰ: | ਜਮਾਤ | ਵਿਦਿਆਰਥੀ ਦਾ ਨਾਂ | ਪ੍ਰਤੀਸ਼ਤਤਾ | ਪੁਜ਼ੀਸ਼ਨ |
|---|---|---|---|---|
| 1 | ਐਮ.ਐਸ.ਸੀ.ਆਈ.ਟੀ.-II | ਸੁਖਪ੍ਰੀਤ ਕੌਰ | 74% | ਪਹਿਲਾ ਸਥਾਨ |
| 2 | ਐਮ.ਐਸ.ਸੀ.ਆਈ.ਟੀ.-I | ਜੋਬਨਪ੍ਰੀਤ ਕੌਰ | 78% | ਪਹਿਲਾ ਸਥਾਨ |
| 3 | ਪੀ.ਜੀ.ਡੀ.ਸੀ.ਏ. | ਲਵਲੀਨ ਕੌਰ | 86% | ਪਹਿਲਾ ਸਥਾਨ |
| 4 | ਪੀ.ਜੀ.ਡੀ.ਡੀ.ਡੀ.ਐਂਡ ਟੀ. | | | ਪਹਿਲਾ ਸਥਾਨ<br>ਦੂਜਾ ਸਥਾਨ |
| 5 | ਬੀ.ਸੀ.ਏ. ਭਾਗ III | ਕਿਰਨਪ੍ਰੀਤ ਕੌਰ<br>ਹਰਮਨਪ੍ਰੀਤ ਕੌਰ<br>ਰਮਨਜੀਤ ਕੌਰ | 72%<br>69%<br>64% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 6 | ਬੀ.ਸੀ.ਏ. ਭਾਗ II | ਪ੍ਰਭਜੋਤ ਕੌਰ<br>ਗੁਰਪ੍ਰੀਤ ਕੌਰ<br>ਜਸਮੀਤ ਕੌਰ | 81%<br>77%<br>76% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 7 | ਬੀ.ਸੀ.ਏ. ਭਾਗ I | ਜਸਦੀਪ ਕੌਰ<br>ਕੋਮਲਦੀਪ ਕੌਰ<br>ਮਨਪ੍ਰੀਤ ਕੌਰ | 76%<br>73%<br>73% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |

| | | | | |
|---|---|---|---|---|
| 8 | ਬੀ.ਕਾਮ. -3 | ਕਰਮਜੀਤ ਕੌਰ<br>ਸਤਵੀਰ ਕੌਰ<br>ਕਿਰਨਜੀਤ ਕੌਰ | 87%<br>80%<br>77% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 9 | ਬੀ.ਕਾਮ.-2 | ਹਰਸਦੀਪ ਕੌਰ<br>ਹੀਨਾ ਰਾਣੀ<br>ਗਗਨਦੀਪ ਕੌਰ | 79%<br>78%<br>76% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 10 | ਬੀ.ਕਾਮ. -1 | ਤਰਨਵੀਰ ਕੌਰ<br>ਹਰਸਿਮਰਨ ਕੌਰ<br>ਪ੍ਰਭਜੋਤ ਕੌਰ | 80%<br>77%<br>70% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 11 | ਬੀ.ਏ. -III | ਕੋਮਲਪ੍ਰੀਤ ਕੌਰ<br>ਸੁਰਿੰਦਰ ਕੌਰ<br>ਸੁਖਰਾਜ ਕੌਰ | 80.5%<br>79.4%<br>78.5% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 12 | ਬੀ.ਏ. -II | ਨੇਹਾ ਕੁਮਾਰੀ<br>ਲਵਪ੍ਰੀਤ ਕੌਰ<br>ਕਾਜਲ ਕੁਮਾਰੀ | 78.2%<br>77.4%<br>76.6% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 13 | ਬੀ.ਏ. -I | ਕਾਜਲ ਕੁਮਾਰੀ<br>ਸੋਪਨਪ੍ਰੀਤ ਕੌਰ<br>ਗਗਨਪ੍ਰੀਤ ਕੌਰ | 80.30%<br>77.54%<br>74.27% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |

**<u>ਖੇਡ ਪ੍ਰਾਪਤੀਆਂ</u>**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਸ ਸਾਲ ਕਾਲਜ ਨੂੰ **ਹੈਂਡਬਾਲ, ਐਥਲੈਟਿਕਸ, ਫੈਨਸਿੰਗ ਅਤੇ** ਪੇਨਚੈਂਕਸਿਲਾਟ ਦਾ ਵਿੰਗ ਮਿਲਿਆ ਹੈ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ: **ਅੰਜੂ** ਦੀ ਸੁਚੱਜੀ ਅਗਵਾਈ ਸਦਕਾ ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਸਾਡੇ ਕਾਲਜ ਦੀਆਂ ਖਿਡਾਰਨਾਂ ਨੇ ਵੱਖ-ਵੱਖ ਈਵੈਂਟਸ ਵਿਚ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ।

ਖੇਡ ਪ੍ਰਾਪਤੀਆਂ ਦਾ ਵੇਰਵਾ :

| ਲੜੀ ਨੰ | ਵਿਦਿਆਰਥਣ ਦਾ ਨਾਂ | ਖੇਡ | ਪੁਜ਼ੀਸ਼ਨ |
|---|---|---|---|
| 1 | ਕੋਮਲ ਰਾਣੀ ਵਰਮਾ | ਰਗਬੀ ਇੰਟਰ ਕਾਲਜ | ਤੀਜਾ ਸਥਾਨ |
| 2 | ਸਿੰਦਰਪਾਲ ਕੌਰ | ਰੈਸਲਿੰਗ ਇੰਟਰ ਕਾਲਜ | ਦੂਜਾ ਸਥਾਨ |
| 3 | ਕੋਮਲ ਰਾਣੀ ਵਰਮਾ | ਨੈਸ਼ਨਲ ਰਗਬੀ ਮੁਕਾਬਲਾ | ਤੀਜਾ ਸਥਾਨ |

## ਸੱਭਿਆਚਾਰਕ ਗਤੀਵਿਧੀਆਂ :

ਕਾਲਜ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰੋਪੜ-ਫਤਹਿਗੜ੍ਹ ਸਾਹਿਬ ਜ਼ੋਨ ਦੇ ਸਰਕਾਰੀ ਕਾਲਜ, ਰੋਪੜ ਵਿਖੇ 9,10,11,12 ਅਕਤੂਬਰ 2023 ਨੂੰ ਹੋਏ 'ਖੇਤਰੀ ਯੁਵਕ ਅਤੇ ਲੋਕ ਮੇਲਾ' ਵਿਚ 59 ਕਾਲਜਾਂ ਦੇ ਮੁਕਾਬਲਿਆਂ ਵਿਚ ਮਾਣ-ਮੱਤੀਆਂ ਪ੍ਰਾਪਤ ਕੀਤੀਆਂ ਹਨ।

ਖੇਤਰੀ ਯੁਵਕ ਮੇਲੇ ਅਤੇ ਲੋਕ ਮੇਲੇ ਦੀਆਂ ਵੱਖ-ਵੱਖ ਆਈਟਮਾਂ ਵਿਚ ਕਾਲਜ ਦੀਆਂ ਪ੍ਰਾਪਤੀਆਂ:

ਪ੍ਰਦਰਸ਼ਨੀ ਲੋਕ-ਕਲਾਵਾਂ :

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਫੁਲਕਾਰੀ | ਪਹਿਲਾ ਸਥਾਨ | ਕਾਜਲ ਕੁਮਾਰੀ | ਬੀ.ਏ.ਭਾਗ ਤੀਜਾ |

ਪਹਿਰਾਵਾ ਪ੍ਰਦਰਸ਼ਨੀ :

| ਲੜੀ ਨੰ | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਪਹਿਰਾਵਾ ਪ੍ਰਦਰਸ਼ਨੀ | ਪਹਿਲਾ ਸਥਾਨ | ਜਸ਼ਨਪ੍ਰੀਤ ਕੌਰ | ਬੀ.ਸੀ.ਏ.ਭਾਗ ਤੀਜਾ |

ਫਾਈਨ ਆਰਟਸ :

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਕੋਲਾਜ ਮੇਕਿੰਗ | ਦੂਜਾ ਸਥਾਨ | ਰਮਨਦੀਪ ਕੌਰ | ਬੀ.ਏ. ਭਾਗ ਤੀਜਾ |
| 2 | ਫੋਟੋਗ੍ਰਾਫੀ | ਤੀਜਾ ਸਥਾਨ | ਤਮੰਨਾ | ਬੀ.ਏ. ਭਾਗ ਪਹਿਲਾ |
| 3 | ਇੰਨਸਟਾਲੇਸ਼ਨ | ਤੀਜਾ ਸਥਾਨ | ਸੋਪਨਪ੍ਰੀਤ ਕੌਰ<br>ਗੁਰਲੀਨ ਕੌਰ<br>ਹਰਦੀਪ ਕੌਰ,<br>ਸ਼ਿਲਪਾ | ਬੀ.ਏ. ਭਾਗ ਪਹਿਲਾ<br>ਬੀ.ਏ. ਭਾਗ ਤੀਜਾ<br>ਬੀ.ਏ. ਭਾਗ ਪਹਿਲਾ |

ਸੰਗੀਤ ਕਲਾਵਾਂ :

| ਲੜੀ ਨੰ: | ਆਈਟਮ | ਸਥਾਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਇੰਡੀਅਨ ਗਰੁੱਪ ਗੀਤ | ਤੀਜਾ ਸਥਾਨ | ਪ੍ਰਭਜੋਤ ਕੌਰ,ਅਨਮੋਲ ਕੌਰ<br>ਅਨੁਪ੍ਰੀਤ ਕੌਰ,ਸੁੱਭਦੀਪ ਕੌਰ,ਨਵਪ੍ਰੀਤ ਕੌਰ<br>ਜਸਪ੍ਰੀਤ ਕੌਰ | ਬੀ.ਏ.ਭਾਗ ਪਹਿਲਾ<br>ਬੀ.ਏ. ਭਾਗ ਤੀਜਾ<br>ਬੀ.ਬੀ.ਏ. ਭਾਗ ਤੀਜਾ |

ਅੰਤਰ ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ(ਮਿਤੀ 21 ਤੋਂ 24 ਨਵੰਬਰ 2023)

ਪ੍ਰਦਰਸ਼ਨੀ ਲੋਕ ਕਲਾਵਾਂ:-

| ਲੜੀ ਨੰ | ਆਈਟਮ | ਪੁਜੀਸ਼ਨ | ਵਿਦਿਆਰਥਣ ਦਾ ਨਾਂ | ਕਲਾਸ |
|---|---|---|---|---|
| 1 | ਫੁਲਕਾਰੀ | ਪਹਿਲਾ ਸਥਾਨ | ਕਾਜਲ ਕੁਮਾਰੀ | ਬੀ.ਏ.ਭਾਗ ਤੀਜਾ |

## ਐਨ.ਐਸ.ਐਸ. :

ਸਿੱਖਿਆ ਦੇ ਨਾਲ - ਨਾਲ ਵਿਦਿਆਰਥੀਆਂ ਵਿੱਚ ਭਾਈਚਾਰਕ ਅਤੇ ਸਮਾਜਿਕ ਸੇਵਾ ਭਾਵਨਾ ਦੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਦੇ ਮਨੋਰਥ ਤਹਿਤ ਕਾਲਜ ਵਿੱਚ ਤਿੰਨ ਯੂਨਿਟ - ਪ੍ਰੋਗਰਾਮ ਅਫ਼ਸਰ ਪ੍ਰੋ.ਨਵਜੋਤ ਕੌਰ, ਪ੍ਰੋ.ਦਿਵਿਆਂ ਸ਼ਰਮਾ ਅਤੇ ਪ੍ਰੋ.ਹਰਵਿਦਰ ਕੌਰ ਦੀ ਦੇਖ-ਰੇਖ ਹੇਠ ਕਾਰਜਸ਼ੀਲ ਹਨ।

### ਐਨ.ਐਸ.ਐਸ. ਦੀਆਂ ਵੱਖ-ਵੱਖ ਗਤੀਵਿਧੀਆਂ :

#### ਯੋਗਾ ਦਿਵਸ :

ਪ੍ਰਿੰ.ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਵਿਭਾਗ ਅਤੇ ਬੱਡੀ ਗਰੁੱਪ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ ।ਇਸ ਮੌਕੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਯੋਗ ਸ਼ੈਲੀ ਅਪਣਾਉਣ ਦਾ ਸੁਨੇਹਾ ਦਿੱਤਾ ਗਿਆ। ਐਨ.ਐਸ.ਐਸ.ਪ੍ਰੋਗਰਾਮ ਅਫਸਰ ਪ੍ਰੋ.ਦਿਵਿਆ ਸ਼ਰਮਾ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਆਸਣਾਂ ਅਤੇ ਉਹਨਾਂ ਦੇ ਮਹੱਤਵ ਬਾਰੇ ਜਾਣੂ ਕਰਵਾਇਆ। ਬੱਡੀ ਗਰੁੱਪ ਦੇ ਇੰਚਾਰਜ ਡਾ.ਗੁਰਪ੍ਰੀਤ ਕੌਰ ਵਲੋਂ ਯੋਗ ਅਪਨਾਓ ਨਸ਼ੇ ਭਜਾਓ ਤੰਦਰੁਸਤ ਸਰੀਰ ਅਤੇ ਤੰਦਰੁਸਤ ਮਨ ਲਈ ਯੋਗ ਅਪਨਾਓ ਵਿਸ਼ੇ ਉੱਪਰ ਭਾਸ਼ਣ ਪੜਿਆ ਗਿਆ। ਕਾਲਜ ਦੀ ਬੀ.ਏ.ਭਾਗ ਪਹਿਲਾ ਦੀ ਵਿਦਿਆਰਥਣ ਪ੍ਰਿਆ ਵੱਲੋਂ ਤਸਵੀਰਾਂ ਵੀ ਸ਼ੋਸ਼ਲ ਮੀਡੀਆ ਤੇ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ,ਪ੍ਰੋਗਰਾਮ ਅਫਸਰ ਪ੍ਰੋ.ਦਿਵਿਆ ਸ਼ਰਮਾ ਅਤੇ ਪ੍ਰੋ.ਹਰਵਿੰਦਰ ਕੌਰ ਸਮੇਤ ਸਮੁੱਚਾ ਟੀਚਿੰਗ,ਨਾਨ ਟੀਚਿੰਗ ਸਟਾਫ ਤੇ ਵਿਦਿਆਰਥੀ ਹਾਜਰ ਰਹੇ।

**ਮੇਰੀ ਮਾਟੀ ਮੇਰਾ ਦੇਸ਼ ਪ੍ਰੋਗਰਾਮ ਦਾ ਆਯੋਜਨ**

ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਮੇਰੀ ਮਾਟੀ ਮੇਰਾ ਦੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਮਾਟੀ ਕੋ ਨਮਨ ਵੀਰੋ ਕਾ ਬੰਧਨ ਮੁੰਹਿਮ ਦੇ ਤਹਿਤ ਫੌਜੀ ਸੈਨਾਨੀ ਰਿਟਾਇਰਡ ਸੂਬੇਦਾਰ ਮੇਜਰ ਸ.ਕੇਸਰ ਸਿੰਘ ਅਤੇ ਸੂਬੇਦਾਰ ਮੇਜਰ ਸ.ਸੁਰਿੰਦਰ ਸਿੰਘ ਜੀ ਚਾਹਲ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹਰਬੰਸ ਸਿੰਘ ਜੀ ਕੰਧੋਲਾ ਮੈਨੇਜਰ,ਕਾਲਜ ਮੈਨੇਜਮੈਂਟ ਪ੍ਰਬੰਧਕ ਕਮੇਟੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਐਨ.ਐਸ.ਐਸ.ਵਲੰਟੀਅਰਜ ਅਤੇ ਮਹਿੰਦੀ ਈਕੋ ਕਲੱਬ ਵਲੋਂ ਪਿੰਡ ਢੋਲਣ ਮਾਜਰਾ,ਕਾਈਨੌਰ ਅਤੇ ਸਹੇੜੀ ਵਿਖੇ ਬੂਟੇ ਲਾਏ ਗਏ। ਇਸ ਤੋਂ ਇਲਾਵਾ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ.ਨਵਜੋਤ ਕੌਰ, ਪ੍ਰੋ.ਦਿਵਿਆ ਸ਼ਰਮਾ,ਡਾ.ਗੁਰਪ੍ਰੀਤ ਕੌਰ, ਪ੍ਰੋ.ਹਰਵਿੰਦਰ ਕੌਰ,ਪ੍ਰੋ.ਜਸਪ੍ਰੀਤ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

**ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗ੍ਰਿਤ ਕੀਤਾ**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ. ਵਿਭਾਗ ਦੇ ਵਲੰਟੀਅਰਜ਼ ਦੁਆਰਾ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕਤਾ ਰੈਲੀ ਕੱਢੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੁਆਰਾ ਵਲੰਟੀਅਰਜ਼ ਨੂੰ ਆਪਣੇ -ਆਪਣੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਵਲੰਟੀਅਰਜ਼ ਨੇ ਪਿੰਡ ਢੋਲਣ ਮਾਜਰਾ,ਮੁੰਡੀਆ ਅਤੇ ਅਰਨੋਲੀ ਵਿਖੇ ਪਰਾਲੀ ਸਾੜਨ ਦੀ ਜਾਗਰੂਕਤਾ ਰੈਲੀ ਕੱਢੀ ਅਤੇ ਕਿਸਾਨਾਂ ਨੂੰ ਇਸ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਤੇ ਪ੍ਰੋਗਰਾਮ ਅਫਸਰ ਨਵਜੋਤ ਕੌਰ ,ਪ੍ਰੋਗਰਾਮ ਅਫਸਰ ਦਿਵਿਆ ਸ਼ਰਮਾ ਅਤੇ ਪ੍ਰੋ ਰਿੰਕੂ ਬੰਗੜ ਹਾਜ਼ਰ ਸਨ।

**ਸਵੱਛਤਾ ਹੀ ਸੇਵਾ-ਸਵੱਛਤਾ ਅਭਿਮਾਨ**

**ਪਲਾਸਟਿਕ ਨੂੰ ਕਾਲਜਾਂ ਵਿੱਚ ਬੈਨ ਕਰਨ ਸੰਬੰਧੀ**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਪਲਾਸਟਿਕ ਦੇ ਦੁਸ਼ਪ੍ਰਭਾਵਾਂ ਦੇ ਸੰਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ। ਪ੍ਰੋ.ਜਸਪ੍ਰੀਤ ਕੌਰ(ਕਾਮਰਸ ਵਿਭਾਗ) ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਕਾਲਜ ਕੈਂਪਸ ਵਿਚ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪ੍ਰੋ.ਹਰਵਿੰਦਰ ਕੌਰ,ਪ੍ਰੋ.ਰਾਜਵਿੰਦਰ ਕੌਰ,ਪ੍ਰੋ.ਦਲਜੀਤ ਕੌਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

**ਸਵੱਛਤਾ ਹੀ ਸੇਵਾ-ਸਵੱਛਤਾ ਅਭਿਮਾਨ 25-09-2023**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਸਵੱਛਤਾ ਅਭਿਆਨ ਅਧੀਨ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਵਲੰਟੀਅਰਜ਼ ਨੇ ਕਾਲਜ ਕੈਂਪਸ ਵਿੱਚ ਸਵੱਛਤਾ ਅਭਿਆਨ ਚਲਾਇਆ।ਇਸ ਉਪਰੰਤ ਵਿਦਿਆਰਥੀਆਂ ਨੂੰ ਸਵੱਛਤਾ ਸੁੰਹ ਚੁਕਾਈ ਗਈ ਅਤੇ ਵਿਦਿਆਰਥੀਆਂ ਵੱਲੋਂ ਕੈਂਪਸ ਦੀ ਸਾਫ਼-ਸਫ਼ਾਈ ਕੀਤੀ ਗਈ।

ਸਵੱਛਤਾ ਹੀ ਸੇਵਾ-ਸਵੱਛਤਾ ਅਭਿਮਾਨ Best out of Waste ਸੰਬੰਧੀ ਪ੍ਰਦਰਸ਼ਨੀ ਲਾਈ ਗਈ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਫਾਈਨ ਆਰਟਸ ਵਿਭਾਗ ਦੇ ਪ੍ਰੋ.ਗੁਰਲੀਨ ਕੌਰ ਦੀ ਦੇਖ – ਰੇਖ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਕਿਸਮਾਂ ਦੀਆਂ ਕਲਾਕ੍ਰਿਤੀਆਂ ਬਣਾਈਆਂ ਗਈਆਂ ਅਤੇ ਪ੍ਰਦਰਸ਼ਨੀ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਸ੍ਰੀ ਦੀਪਾਂਕਰ ਗਰਗ ਐਸ.ਡੀ.ਐਮ. ਮੋਰਿੰਡਾ ਮੁੱਖ ਮਹਿਮਾਨ ਵਜੋਂ ਇਸ ਪ੍ਰਦਰਸ਼ਨੀ ਵਿਚ ਸ਼ਾਮਲ ਹੋਏ। ਉਨਾਂ ਨੇ ਵਿਦਿਆਰਥੀਆਂ ਦੀ ਇਸ ਕਲਾ ਦੀ ਸ਼ਲਾਘਾ ਕਰਕੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ। ਸ੍ਰੀ ਦੀਪਾਂਕਰ ਗਰਗ ਜੀ ਨੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਨੂੰ ਇਸ ਪ੍ਰਦਰਸ਼ਨੀ ਦੇ ਯਤਨਾਂ ਲਈ ਵਧਾਈ ਦਿੱਤੀ।

**ਸਵੱਛਤਾ ਹੀ ਸੇਵਾ-ਸਵੱਛਤਾ ਅਭਿਮਾਨ ਇੱਕ ਦਿਨ ਇੱਕ ਘੰਟਾ ਸ਼ਰਮਦਾਨ**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਸਵੱਛਤਾ ਹੀ ਸੇਵਾ-ਸਵੱਛਤਾ ਅਭਿਆਨ ਦੇ ਤਹਿਤ ਕਾਲਜ ਦੇ ਵਿਦਿਆਰਥੀਆਂ ਵਲੋਂ ਇੱਕ ਦਿਨ ਇੱਕ ਘੰਟਾ ਸ਼ਰਮਦਾਨ ਦੀ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੇ ਦੌਰਾਨ ਵਲੰਟੀਅਰਜ਼ ਵਲੋਂ ਕਾਲਜ ਕੈਂਪਸ ਅਤੇ ਆਲੇ-ਦੁਆਲੇ ਦੀ ਸਾਫ – ਸਫ਼ਾਈ ਕੀਤੀ ਗਈ।

**ਵਿਸ਼ਵ ਏਡਜ਼ ਦਿਵਸ**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ.ਵਿਭਾਗ ਅਤੇ ਰੈਂਡ ਰਿਬਨ ਕਲੱਬ ਵਲੋਂ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਵਲੰਟੀਅਰਜ਼ ਨਾਲ ਏਡਜ਼ ਦੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਵਲੰਟੀਅਰਜ਼ ਦੁਆਰਾ ਐੱਚ.ਆਈ.ਵੀ. ਏਡਜ਼ ਦਿਵਸ ਨਾਲ ਸਬੰਧਤ ਜਾਣਕਾਰੀ ਦਾ ਪ੍ਰਸਾਰ ਕਰਨ ਤੇ ਇਸ ਸਬੰਧੀ ਵਿਤਕਰੇ ਨੂੰ ਰੋਕਣ ਦੀ ਸਹੁੰ ਚੁੱਕੀ ਗਈ। ਫਾਈਨ ਆਰਟਸ ਵਿਭਾਗ ਦੇ ਪ੍ਰੋ.ਗੁਰਲੀਨ ਕੌਰ ਵਲੋਂ ਕਾਲਜ ਦੇ ਨੋਟਿਸ ਬੋਰਡ ਤੇ ਐੱਚ.ਆਈ.ਵੀ ਏਡਜ਼ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਤੇ ਪ੍ਰੋਗਰਾਮ ਅਫਸਰ ਪ੍ਰੋ.ਨਵਜੋਤ ਕੌਰ, ਪ੍ਰੋ.ਰਾਜਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

**ਸੱਤ ਰੋਜ਼ਾ ਐਨ.ਐੱਸ.ਐੱਸ. ਕੈਂਪ ਦਾ ਆਯੋਜਨ**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਸੱਤ ਦਿਨਾ ਦੇ ਐਨ.ਐੱਸ.ਐੱਸ. ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿਚ 200 ਵਲੰਟੀਅਰਜ਼ ਨੇ ਹਿੱਸਾ ਲਿਆ।

**ਮੇਰਾ ਪਹਿਲਾ ਵੋਟ ਦੇਸ਼ ਦੇ ਲਈ (ਪਹਿਲਾ ਦਿਨ)**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ.ਵਿਭਾਗ ਵਲੋਂ ਮੇਰਾ ਪਹਿਲਾ ਵੋਟ ਦੇਸ਼ ਦੇ ਲਈ ਮੁਹਿੰਮ ਦੇ ਅੰਤਰਗਤ ਵਿਦਿਆਰਥੀਆਂ ਨੂੰ ਵੋਟ ਪਾਉਣ ਪ੍ਰਤੀ ਜਾਗੂਰਕ ਕਰਵਾਉਣ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋ ਗੁਰਲੀਨ ਕੌਰ ਦੁਆਰਾ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

**ਮੇਰਾ ਪਹਿਲਾ ਵੋਟ ਦੇਸ਼ ਦੇ ਲਈ (ਦੂਜਾ ਦਿਨ)**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ.ਵਿਭਾਗ ਵਲੋਂ ਮੇਰਾ ਪਹਿਲਾ ਵੋਟ ਦੇਸ਼ ਦੇ ਲਈ ਮੁਹਿੰਮ ਦੇ ਅੰਤਰਗਤ ਵਿਦਿਆਰਥੀਆਂ ਨੂੰ ਵੋਟ ਪਾਉਣ ਪ੍ਰਤੀ ਜਾਗੂਰਕ ਕਰਵਾਉਣ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋ.ਸ਼ਿਲਪਾ ਦੁਆਰਾ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗੂਰਕ ਕੀਤਾ ਗਿਆ ਅਤੇ ਪ੍ਰੋ.ਰਾਜਵਿੰਦਰ ਕੌਰ ਦੁਆਰਾ ਉਹਨਾਂ ਵਿਦਿਆਰਥੀਆਂ ਦੀ ਸੂਚੀ ਤਿਆਰ ਕੀਤੀ ਗਈ ਜੋ ਕਿ 18 ਸਾਲ ਦੇ ਹੋ ਚੁੱਕੇ ਹਨ ਅਤੇ ਜਿਹਨਾਂ ਦੀ ਵੋਟ ਬਣਨੀ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ 18 ਅਪ੍ਰੈਲ ਨੂੰ ਕਾਲਜ ਵਿਖੇ ਬੀ.ਐਲ.ਓ. ਸਾਹਿਬ ਦੁਆਰਾ ਵੋਟਾਂ ਬਣਾਉਣ ਸੰਬੰਧੀ ਲੱਗਣ ਵਾਲੇ ਕੈਂਪ ਦੀ ਜਾਣਕਾਰੀ ਦਿੱਤੀ। ਉਹਨਾਂ ਨੂੰ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

**ਮੇਰਾ ਪਹਿਲਾ ਵੋਟ ਦੇਸ਼ ਦੇ ਲਈ (ਤੀਜਾ ਦਿਨ)**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ.ਵਿਭਾਗ ਵਲੋਂ ਮੇਰਾ ਪਹਿਲਾ ਵੋਟ ਦੇਸ਼ ਦੇ ਲਈ ਮੁਹਿੰਮ ਦੇ ਅੰਤਰਗਤ ਵਿਦਿਆਰਥੀਆਂ ਨੂੰ ਵੋਟ ਪਾਉਣ ਪ੍ਰਤੀ ਜਾਗੂਰਕ ਕਰਵਾਉਣ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ।ਪ੍ਰੋ.ਹਰਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗੂਰਕ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

## ਬੱਡੀ ਗਤੀਵਿਧੀਆਂ

- 09 ਅਗਸਤ 2023 ਨੂੰ ਆਜ਼ਾਦੀ ਦਾ ਮਹਾਂਉਤਸਵ -75 ਤਹਿਤ ਕਾਲਜ ਹਾਲ ਵਿੱਚ ਫੌਜੀ ਵੀਰਾਂ ਦੇ ਸਨਮਾਨ ਵਿਚ ਰੱਖੇ ਪ੍ਰੋਗਰਾਮ ਵਿਚ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਕੰਧੋਲਾ ਦੁਆਰਾ ਵਿਦਿਆਰਥਣਾਂ ਨੂੰ ਪੰਜਾਬ ਦੇ ਮੱਥੇ ਤੇ ਲੱਗੇ ਨਸ਼ਿਆਂ ਦੇ ਕਲੰਕ ਨੂੰ ਦੂਰ ਕਰਕੇ ਦੇਸ਼ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ।
- 28 ਸਤੰਬਰ 2023 ਨੂੰ ਸ਼ਹੀਦ -ਏ-ਆਜ਼ਮ ਸ.ਭਗਤ ਸਿੰਘ ਦੇ ਜਨਮ ਦਿਹਾੜੇ ਉੱਤੇ ਵਿਦਿਆਰਥੀਆਂ ਨੂੰ ਦੇਸ਼ ਭਗਤੀ ਲਈ ਪ੍ਰੇਰਿਤ ਕਰਦਿਆਂ ਦੇਸ਼ ਦੀ ਤਰੱਕੀ ਵਿਚ ਰੁਕਾਵਟ ਨਸ਼ਿਆਂ ਦੀ ਭੈੜੀ ਲਤ ਤੋਂ ਦੂਰ ਰਹਿਣ ਬਾਰੇ ਜਾਗਰੂਕ ਕੀਤਾ ਗਿਆ।
- 02 ਅਕਤੂਬਰ 2023 ਨੂੰ ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਜੀ ਦੇ ਜਨਮ ਦਿਹਾੜੇ ਉੱਤੇ ਕਰਵਾਏ ਗਏ ਸੈਮੀਨਾਰ ਵਿਚ ਬੱਡੀ ਪ੍ਰੋਗਰਾਮ ਦੇ ਇੰਚਰਾਜ ਡਾ.ਗੁਰਪ੍ਰੀਤ ਕੌਰ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਗਿਆ।
- 19 ਫਰਵਰੀ 2024 ਨੂੰ ਸ਼ਿਵਾਜੀ ਜੈਯੰਤੀ ਦੇ ਮੌਕੇ ਉਪਰ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਛਤਰਪਤੀ ਸ਼ਿਵਾਜੀ ਵਰਗੇ ਵੀਰਾਂ ਦੇ ਪੂਰਨਿਆਂ ਉਪਰ ਚੱਲਣ ਦਾ ਸਨੇਹਾ ਦਿੱਤਾ ਗਿਆ।
- 23 ਮਾਰਚ 2024 ਨੂੰ ਸ.ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਰਧਾਜ਼ਲੀ ਸਮਾਰੋਹ ਵਿਚ ਇਤਿਹਾਸ ਵਿਭਾਗ ਦੇ ਪ੍ਰੋ.ਰਾਜਵਿੰਦਰ ਕੌਰ ਵਲੋਂ ਵਿਦਿਆਰਥਣਾਂ ਨੂੰ ਨਸ਼ੇ ਵਰਗੀ ਭਿਆਨਕ ਲਤ ਤੋਂ ਦੂਰ ਰਹਿ ਕੇ ਨੋਜਵਾਨ ਕਿਵੇਂ ਆਪਣੇਂ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ ਬਾਰੇ ਭਾਸ਼ਣ ਦਿੱਤਾ।
- ਲੋਕ ਸਭਾ ਚੋਣਾਂ 2024 ਦੇ ਮੱਦੇ ਨਜ਼ਰ ਕਾਲਜ ਕੈਂਪਸ ਵਿੱਚ ਕੀਤੀਆਂ ਗਈਆਂ ਸਵੀਪ ਗਤੀਵਿਧੀਆਂ ਦੇ ਅੰਤਰਗਤ ਵਿਦਿਆਰਥਣਾਂ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੁਆਰਾ ਨਸ਼ੇ ਬਦਲੇ ਵੋਟ ਮੰਗਣ ਤੇ ਉਸ ਰਾਜਸੀ ਪਾਰਟੀ ਦਾ ਵਿਰੋਧ ਕਰਨ ਅਤੇ ਨਿਰਪੱਖ ਮਤਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ।

- 17 ਮਈ 2024 ਨੂੰ ਬੱਡੀ ਗਰੁੱਪ ਦੇ ਇੰਚਾਰਜ ਡਾ.ਗੁਰਪ੍ਰੀਤ ਕੌਰ ਵੱਲੋਂ ਨਸ਼ਾ ਨਾਸ਼ ਕਰਦਾ ਹੈ ਵਿਸ਼ੇ ਉਪੱਰ ਭਾਸ਼ਣ ਦਿੱਤਾ ਗਿਆ।
- 21 ਜੂਨ 2024 ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਵਿਦਿਆਰਥੀਆਂ ਨੂੰ ਯੋਗ ਅਪਨਾਉਣ ਅਤੇ ਨਸ਼ਾ ਤਿਆਗਣ ਲਈ ਪ੍ਰੇਰਿਤ ਕੀਤਾ ਗਿਆ।

## ਮਹਿੰਦੀ ਈਕੋ ਕਲੱਬ

ਮਨਿਸਟਰੀ ਆਫ਼ ਇਨਵਾਇਰਨਮੈਂਟ ,ਫਾਰੈਸਟ ਚੇਂਜ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਵਾਤਾਵਰਨ ਸਿੱਖਿਆਂ ਪ੍ਰੋਗਰਾਮ ਤਹਿਤ ਕਾਲਜ ਦੇ ਮਹਿੰਦੀ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਸੁਯੋਗ ਅਗਵਾਈ ਹੇਠ ਪਾਣੀ ਬਚਾਓ ਥੀਮ ਤਹਿਤ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ,ਜਿਨਾ ਵਿਚ 150 ਵਲੰਟੀਅਰ ਸ਼ਾਮਿਲ ਹੋਏ। ਇਸ ਤਹਿਤ 17 ਫਰਵਰੀ ਨੂੰ ਪ੍ਰੋ.ਗੁਰਲੀਨ ਕੌਰ ਦੀ ਅਗਵਾਈ ਹੇਠ ਪੋਸਟਰ ਮੇਕਿੰਗ ਮੁਕਾਬਲੇ ਅਤੇ ਪ੍ਰੋ.ਜਸਪ੍ਰੀਤ ਕੌਰ ਦੀ ਅਗਵਾਈ ਹੇਠ ਲੇਖ ਮੁਕਾਬਲੇ ਕਰਵਾਏ ਗਏ। 19 ਫਰਵਰੀ ਨੂੰ ਪ੍ਰੋ.ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਭਾਸ਼ਣ ਮੁਕਾਬਲੇ ਅਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਵਿੱਚ ਗੁਰੂ ਤੇਗ ਬਹਾਦਰ ਕਾਲਜ ,ਸ੍ਰੀ ਅਨੰਦਪੁਰ ਸਾਹਿਬ ਤੋਂ ਜੋਗਰਫੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਜਸਪ੍ਰੀਤ ਕੌਰ ਰਿਸੋਰਸ ਪਰਸਨ ਵਜੋਂ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ। ਪ੍ਰੋ.ਜਸਪ੍ਰੀਤ ਕੌਰ ਵੱਲੋਂ ਪੀ.ਪੀ.ਟੀ. ਪ੍ਰੈਜੇਂਟੇਸ਼ਨ ਰਾਹੀ ਬੜੇ ਵਧੀਆਂ ਢੰਗ ਨਾਲ ਵਿਦਿਆਰਥੀਆਂ ਨੂੰ ਪਾਣੀ ਦੀ ਸੰਭਾਲ ਅਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਈਕੋ ਮਹਿੰਦੀ ਕਲੱਬ ਦੇ ਨੋਡਲ ਅਫਸਰ ਡਾ. ਗੁਰਪ੍ਰੀਤ ਕੌਰ ਵੱਲੋਂ ਰਿਸੋਰਸ ਪਰਸਨ ਪ੍ਰੋ.ਜਸਪ੍ਰੀਤ ਕੌਰ ਦਾ ਧੰਨਵਾਦ ਕੀਤਾ ਗਿਆ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੁਆਰਾ ਰਿਸੋਰਸ ਪਰਸਨ ਨੂੰ ਸਨਮਾਨ ਚਿੰਨ ਭੇਂਟ ਕੀਤਾ ਗਿਆ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੁਆਰਾ17 ਫਰਵਰੀ ਅਤੇ 19 ਫਰਵਰੀ ਨੂੰ ਪਾਣੀ ਬਚਾਓ ਥੀਮ ਤਹਿਤ ਕੀਤੀਆਂ ਗਈਆਂ ਗਤੀਵਿਧੀਆਂ ਦੀ ਸਫਲਤਾ ਲਈ ਮਹਿੰਦੀ ਈਕੋ ਕਲੱਬ ਦੇ ਨੋਡਲ ਅਫਸਰ ਅਤੇ ਸਹਿਯੋਗ ਦੇਣ ਵਾਲੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ।

20 ਫਰਵਰੀ 2024 ਨੂੰ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਅਤੇ ਈਕੋ ਕਲੱਬ ਦੇ ਨੋਡਲ ਅਫਸਰ ਡਾ. ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਕਾਲਜ ਕੈਂਪਸ ਵਿੱਚ ਵਿਦਿਆਰਥਣਾਂ ਲਈ ਇੱਕ ਸੜਕ ਸੁਰੱਖਿਆ ਚੇਤਨਾ ਕੈਂਪ ਲਗਾਇਆ ਗਿਆ। ਇਹ ਕੈਂਪ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ ਦੇ ਨਿਰਦੇਸ਼ਾ ਅਨੁਸਾਰ ਨੈਸ਼ਨਲ ਰੋਡ ਸੇਫਟੀ ਮੰਥ 2024 ਤਹਿਤ ਲਗਾਇਆ ਗਿਆ। ਇਸ ਮੌਕੇ ਟ੍ਰੈਫਿਕ ਪੁਲਿਸ ਮੋਰਿੰਡਾ ਦੇ ਇੰਚਾਰਜ ਸਰਦਾਰ ਮਲਕੀਤ ਸਿੰਘ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ। ਸਰਦਾਰ ਮਲਕੀਤ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਅਤੇ ਸੜਕ ਸੁੱਰਖਿਆ ਕਨੂੰਨਾ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ।

13 ਅਗਸਤ 2023 ਨੂੰ ਵਣ ਮਹਾਉਤਸਵ 75 ਤਹਿਤ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸਰਦਾਰ ਹਰਬੰਸ ਸਿੰਘ ਕੰਧੋਲਾ ,ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਅਤੇ ਮਹਿੰਦੀ ਈਕੋ ਕਲੱਬ ਦੇ ਨੋਡਲ ਅਫਸਰ ਡਾ.ਗੁਰਪ੍ਰੀਤ ਕੌਰ ਦੁਆਰਾ ਕਾਲਜ ਕੈਂਪਸ ਵਿਖੇ ਪੌਦਾ ਲਗਾ ਕੇ ਵਣ ਮਹਾਉਤਸਵ 75 ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਕਾਲਜ ਦੇ ਆਸ ਪਾਸ ਦੇ ਪਿੰਡਾ ਵਿੱਚ ਬੂਟੇ ਲਗਾਏ ਗਏ। ਲੋਕਾਂ ਨੂੰ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐੱਸ.ਐੱਸ. ਵਿਭਾਗ ਅਤੇ ਮਹਿੰਦੀ ਈਕੋ ਕਲੱਬ ਦੇ ਨੋਡਲ ਅਫਸਰ ਡਾ.ਗੁਰਪ੍ਰੀਤ ਕੌਰ ਤੇ ਵਲੰਟੀਅਰਜ਼ ਦੁਆਰਾ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕਤਾ ਰੈਲੀ ਕੱਢੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੁਆਰਾ ਵਲੰਟੀਅਰਜ਼ ਨੂੰ ਆਪਣੇ ਆਪਣੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਵਲੰਟੀਅਰਜ਼ ਨੇ ਪਿੰਡ ਢੋਲਣ ਮਾਜਰਾ,ਮੁੰਡੀਆ ਅਤੇ ਅਰਨੋਲੀ ਵਿਖੇ ਪਰਾਲੀ ਸਾੜਨ ਦੀ ਜਾਗਰੂਕਤਾ ਰੈਲੀ ਕੱਢੀ ਅਤੇ ਕਿਸਾਨਾਂ ਨੂੰ ਇਸ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਜਾਣੂੰ ਕਰਵਾਇਆ।

2 ਅਕਤੂਬਰ 2023 ਨੂੰ ਗਾਂਧੀ ਜੈਯੰਤੀ ਉਪੱਰ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਹੇਠ ਕਾਲਜ ਦੇ ਐਨ.ਐੱਸ.ਐੱਸ ਵਿਭਾਗ ਅਤੇ ਮਹਿੰਦੀ ਈਕੋ ਕਲੱਬ ਵੱਲੋਂ ਮਿਲ ਕੇ ਸਵੱਛਤਾ ਦਿਵਸ ਮਨਾਇਆ ਗਿਆ। ਇਸ ਮੌਕੇ

ਸਵੱਛਤਾ ਦੌੜ ,ਸਵੱਛਤਾ ਗੀਤ,ਪੋਸਟਰ ਮੇਕਿੰਗ ਅਤੇ ਸਵੱਛਤਾ ਸੈਮੀਨਾਰ ਆਦਿ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਸਵੱਛਤਾ ਦੇ ਤਹਿਤ ਸਵੱਛ ਭਾਰਤ ਸਪਨਾ ਅਪਨਾ ਲੀਆ ਹਮਨੇ ਗੀਤ ਗਾਇਆ ਗਿਆ। ਫਿਰ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਮਿਲ ਕੇ ਸਵੱਛਤਾ ਦੌੜ ਲਗਾਈ ਗਈ। ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ.ਗੁਰਲੀਨ ਕੌਰ ਦੀ ਨਿਗਰਾਨੀ ਹੇਠ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਹਰਮਨਦੀਪ ਕੌਰ ਬੀ.ਏ ਭਾਗ ਪਹਿਲਾ,ਜਸਮੀਨ ਕੌਰ ਬੀ.ਏ. ਭਾਗ ਤੀਜਾ,ਹਰਦੀਪ ਕੌਰ ਬੀ.ਏ.ਭਾਗ ਪਹਿਲਾ,ਖੁਸ਼ਦੀਪ ਕੌਰ ਬੀ.ਏ ਭਾਗ ਪਹਿਲਾ,ਸੁਮਨਦੀਪ ਕੌਰ ਬੀ.ਏ ਭਾਗ ਪਹਿਲਾ ਵੱਲੋਂ ਵੱਖ-ਵੱਖ ਪੋਸਟਰ ਬਣਾਏ ਗਏ। ਸਵੱਛਤਾ ਸੈਮੀਨਾਰ ਵਿੱਚ ਮਹਿੰਦੀ ਈਕੋ ਕਲੱਬ ਦੇ ਨੋਡਲ ਅਫਸਰ ਡਾ.ਗੁਰਪ੍ਰੀਤ ਕੌਰ ਵਲੋ ਸਵੱਛਤਾ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ

16 ਸਤੰਬਰ 2023 ਨੂੰ ਵਾਤਾਵਰਨ ਸਿੱਖਿਆ ਵਿਸ਼ੇ ਦੀਆਂ 90 ਵਿਦਿਆਰਥਣਾਂ ਦਾ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦਾ ਇੱਕ ਦਿਨਾਂ ਵਿਦਿਅਕ ਦੌਰਾ ਕਰਵਾਇਆ ਗਿਆ। ਇਸ ਵਿਦਿਅਕ ਟੂਰ ਦੌਰਾਨ ਵਿਦਿਆਰਥਣਾਂ ਨੇ ਵਾਤਾਵਰਨ ਨੂੰ ਕਿਵੇਂ ਸੁੱਰਖਿਅਤ ਰੱਖਣਾ ਹੈ,ਬਾਰੇ ਜਾਣਕਾਰੀ ਹਾਸਲ ਕੀਤੀ। ਹਰਬਲ ਗਾਰਡਨ ਅਤੇ ਰੇਨਵਾਟਰ ਹਾਰਵੈਸਟਿੰਗ ਬਾਰੇ ਜਾਣਕਾਰੀ ਹਾਸਿਲ ਕੀਤੀ।

## ਰੈੱਡ ਰਿਬਨ ਕਲੱਬ

### ਖੂਨਦਾਨ ਕੈਂਪ

ਕਾਲਜ ਦੇ ਰੈੱਡ ਰਿਬਨ ਕਲੱਬ ਵੱਲੋਂ 4 ਅਕਤੂਬਰ ,2023 ਨੂੰ ਕਾਲਜ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਲੋਕਲ ਲੋਕਾਂ ਵੱਲੋਂ ਖੂਨ ਦੀਆਂ60ਯੂਨਿਟਾਂ ਦਾਨ ਕੀਤੀਆਂ ਗਈਆਂ। ਕਾਲਜ ਵੱਲੋਂ ਖੂਨਦਾਨੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

### ਵਿਸ਼ਵ ਏਡਜ ਦਿਵਸ

ਇਸ ਮੌਕੇ ਤੇ ਆਰ.ਆਰ.ਸੀ. ਦੇ ਵਲੰਟੀਅਰਾਂ ਨੇ ਫੈਬਰਿਕ ਦੇ ਲਾਲ ਰਿਬਨ ਬਣਾਏ ਜੋ ਕਿ ਕਾਲਜ ਦੇ ਪ੍ਰਿੰਸੀਪਲ ,ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵਿੱਚ ਵੰਡੇ ਗਏ। ਇਹ ਰਿਬਨ ਐਚ.ਆਈ.ਵੀ ਨਾਲ ਪ੍ਰਭਾਵਿਤ ਅਤੇ ਐਚ.ਆਈ.ਵੀ.ਨਾਲ,ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾ ਲਈ ਸਮਰਥਨ ਦਿਖਾਉਣ ਲਈ ਵੰਡੇ ਜਾਂਦੇ ਹਨ।

### ਰਾਸ਼ਟਰੀ ਵੋਟਰ ਦਿਵਸ

ਰੈੱਡ ਰਿਬਨ ਕਲੱਬ ਵੱਲੋਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਜਿਸ ਵਿੱਚ ਬੱਚਿਆਂ ਨੂੰ ਜਾਗ੍ਰਰਕ ਕੀਤਾ ਗਿਆ ਕਿ ਉਹ ਆਪਣੀ ਵੋਟ ਦੀ ਵਰਤੋਂ ਕਿਵੇਂ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਵੱਲੋਂ ਆਪਣੀ ਵੋਟ ਦੀ ਵਰਤੋਂ ਕਰਨ ਦੀ ਸਹੁੰ ਚੁੱਕੀ ਗਈ ਅਤੇ ਬਾਅਦ ਵਿੱਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

### ਕੁਇੰਜ ਮੁਕਾਬਲਾ

ਇਸ ਮੌਕੇ ਤੇ ਰੈੱਡ ਰਿਬਨ ਕਲੱਬ ਵੱਲੋਂ ਬ,ਜ਼.ਸ.ਫ.ਸ.ਖਾਲਸਾ ਗਰਲਜ਼ ਕਾਲਜ ਮੌਰਿੰਡਾ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਪੱਧਰੀ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਨਸ਼ਾਖੋਰੀ ,ਏਡਜ਼,ਟੀ.ਬੀ ਵਰਗੀਆਂ ਭਿਆਨਕ ਬਿਮਾਰੀਆਂ ਬਾਰੇ ਦੂਜੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।

### ਪੋਸਟਰ ਮੇਕਿੰਗ ਤੇ ਸਲੋਗਨ ਰਾਈਟਿੰਗ ਮੁਕਾਬਲੇ

ਇਸ ਮੌਕੇ ਤੇ ਰੈੱਡ ਰਿਬਨ ਕਲੱਬ ਵੱਲੋਂ ਬ,ਜ਼.ਸ.ਫ.ਸ.ਖਾਲਸਾ ਗਰਲਜ਼ ਕਾਲਜ ਮੌਰਿੰਡਾ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੀ ਅਗਵਾਈ ਹੇਠ 5 ਮਾਰਚ ,2024 ਨੂੰ ਕਾਲਜ ਪੱਧਰੀ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

3 ਨਵੰਬਰ 2023 ਨੂੰ ਕਾਲਜ ਕੈਂਪਸ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਨੈਤਿਕ ਸਿੱਖਿਆ ਇਮਤਿਹਾਨ ਦਾ ਆਯੋਜਨ ਕੀਤਾ ਗਿਆ। ਇਸ ਇਮਤਿਹਾਨ ਵਿਚ 38 ਵਿਦਿਆਰਥਣਾਂ ਨੇ ਭਾਗ ਲਿਆ। ਇਸ ਇਮਤਿਹਾਨ ਵਿੱਚ ਬੈਠੇ 15 ਵਿਦਿਆਰਥਣਾਂ ਨੇ ਏ ਗ੍ਰੇਡ ਪ੍ਰਾਪਤ ਕੀਤਾ। ਕਾਲਜ ਦੀ ਵਿਦਿਆਰਥਣ ਲਵਪ੍ਰੀਤ ਕੌਰ ਬੀ.ਏ.ਭਾਗ ਤੀਜਾ ਨੇ 60ਕਾਲਜਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕੋਮਲਪ੍ਰੀਤ ਕੌਰ ਬੀ.ਏ ਭਾਗ ਤੀਜਾ ਨੇ ਦੂਸਰਾ ਅਤੇ ਮੁਸਕਾਨ ਕਸ਼ਯਪ ਬੀ.ਏ ਭਾਗ ਤੀਜਾ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇੰਚਾਰਜ ਡਾ.ਗੁਰਪ੍ਰੀਤ ਕੌਰ ਵਲੋਂ ਵਿਦਿਆਰਥਣਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਉਨਾਂ ਨੂੰ ਵਧਾਈ ਦਿੱਤੀ ਗਈ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਦਿੱਤੇ ਗਏ ਸਨਮਾਨ ਚਿੰਨ ਅਤੇ ਕੈਸ਼ ਪ੍ਰਾਈਜ਼ ਪ੍ਰਦਾਨ ਕੀਤੇ ਗਏ।

6 ਮਾਰਚ 2024 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਏ ਗਏ ਅੰਤਰ ਕਾਲਜ ਯੁਵਕ ਮੇਲਾ-2024 ਵਿੱਚ ਕਾਲਜ ਦੀਆ ਵਿਦਿਆਰਥਣਾਂ ਨੇ ਕਮਲਪ੍ਰੀਤ ਕੌਰ (ਬੀ.ਏ ਭਾਗ ਤੀਜਾ) ਅਤੇ ਹਰਪ੍ਰੀਤ ਕੌਰ (ਬੀ.ਏ.ਭਾਗ ਦੂਜਾ) ਨੇ ਕਵਿਤਾ ਮੁਕਾਬਲੇ,ਕਮਲਪ੍ਰੀਤ ਕੌਰ (ਬੀ.ਏ.ਭਾਗ ਤੀਜਾ)ਅਤੇ ਕਾਜਲ (ਬੀ.ਏ.ਭਾਗ ਦੂਜਾ) ਨੇ ਭਾਸ਼ਣ ਮੁਕਾਬਲੇ ,ਕਮਲਪ੍ਰੀਤ ਕੌਰ ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ.ਗੁਰਲੀਨ ਕੌਰ ਦੀ ਅਗਵਾਈ ਵਿਚ ਦੋ ਵਿਦਿਆਰਥਣਾਂ ਨੇ ਪੋਸਟਰ ਮੁਕਾਬਲੇ ਵਿੱਚ ਭਾਗ ਲਿਆ।

## ਸਵੀਪ ਗਤੀਵਿਧੀਆਂ

22ਨਵੰਬਰ 2023 ਨੂੰ ਵੋਟਾ ਨਾਲ ਸੰਬੰਧਿਤ ਜਾਗਰੂਕ ਰੈਲੀ ਕੱਢੀ ਗਈ। ਜਿਸ ਵਿਚ ਵੋਟਰਾਂ ਨੂੰ ਵੋਟ ਦੀ ਸਹੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।

26 ਨਵੰਬਰ 2023 ਨੂੰ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਖਾਲਸਾ ਗਰਲਜ ਕਾਲਜ ਵਿਚ ਸੰਵਿਧਾਨ ਦਿਵਸ ਮਨਾਇਆ ਗਿਆ। ਮੈਡਮ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਭਾਰਤੀ ਸੰਵਿਧਾਨ ਸਭਾ ਬਾਰੇ ਅਤੇ ਮਹੱਤਵਪੂਰਨ ਦਸਤਾਵੇਜ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ.ਭੀਮ ਰਾਓ ਅੰਬੇਦਕਰ ਜੀ ਨੂੰ ਯਾਦ ਕਰਦਿਆ ਉਨਾਂ ਦੇ ਜੀਵਨ ਅਤੇ ਸੰਘਰਸ਼ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

## ਵੱਖ- ਵੱਖ ਵਿਭਾਗਾਂ ਦੀਆਂ_ਗਤੀਵਿਧੀਆਂ

### ਇਤਿਹਾਸ ਵਿਭਾਗ

**ਜ਼ਿਲਾ ਪੱਧਰੀ ਬਾਲ ਸਾਹਿਤਕ ਕੁਇਜ਼ ਮੁਕਾਬਲੇ (22 ਨਵੰਬਰ2023)**

ਮਿਤੀ 22 ਨਵੰਬਰ 2023 ਨੂੰ ਭਾਸ਼ਾ ਵਿਭਾਗ ਪੰਜਾਬ ਦੁਆਰਾ ਜ਼ਿਲਾਂ ਰੂਪਨਗਰ ਵੱਲੋਂ ਸਰਕਾਰੀ ਗਾਂਧੀ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਵਿਖੇ ਲਿਖਤੀ ਕੁਇਜ਼ ਮੁਕਾਬਲੇ ਕਰਵਾਏ ਗਏ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਦੀਆਂ ਦੋ ਵਿਦਿਆਰਥਣਾਂ ਲਵਪ੍ਰੀਤ ਕੌਰ ਅਤੇ ਕਮਲਪ੍ਰੀਤ ਕੌਰ ਬੀ.ਏ ਭਾਗ ਤੀਜਾ ਨੇ ਭਾਗ ਲਿਆ।

### ਰਾਜਨੀਤੀ ਵਿਭਾਗ

4 ਮਾਰਚ 2024 ਨੂੰ ਨਹਿਰੂ ਯੁਵਾ ਕੇਂਦਰ ਖੇਡਾਂ ਤੇ ਯੁਵਾ ਮਾਮਲੇ ਭਾਰਤ ਸਰਕਾਰ ਵੱਲੋਂ ਜ਼ਿਲਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਹੇਠ ਜ਼ਿਲਾ ਪੱਧਰੀ ਯੂਥ ਪਾਰਲੀਮੈਂਟ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਸਰਦਾਰ ਸੁਖਪਾਲ ਸਿੰਘ ਐਸ.ਡੀ.ਐਮ. ਮੋਰਿੰਡਾ ਨੇ ਕੀਤਾ। ਸਰਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਦੁਆਰਾ ਅਜਿਹੇ ਪ੍ਰੋਗਰਾਮ ਸਮੇਂ-ਸਮੇਂ ਤੇ ਕਰਵਾਏ ਜਾਂਦੇ ਹਨ ਤਾਂ ਜੋ ਨੌਜਵਾਨਾਂ ਨੂੰ ਸਹੀ ਸੇਧ ਮਿਲਦੀ ਰਹੇ। ਉਨਾਂ ਨੇ ਨੌਜਵਾਨਾਂ ਨੂੰ ਆਪਣੀ ਵੋਟ ਬਣਵਾਉਣ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਤੋ ਵੱਧ ਵੋਟਾਂ ਪਾਉਣ ਲਈ ਕਿਹਾ। ਇਸ ਯੂਥ

ਪਾਰਲੀਮੈਂਟ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪਹੁੰਚੇ ਸ.ਹਰਬੰਸ ਸਿੰਘ ਕੰਧੋਲਾ ਮੈਨੇਜਰ ਕਾਲਜ ਪ੍ਰਬੰਧਕ ਕਮੇਟੀ ਦੁਆਰਾ ਨਹਿਰੂ ਯੁਵਾ ਕੇਂਦਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ। ਇਸ ਯੂਥ ਪਾਰਲੀਮੈਂਟ ਵਿੱਚ ਦੋ ਵਿਸ਼ਿਆਂ ਸ਼ਰਾਬ ਰਾਜਨੀਤੀ ਨੂੰ ਬੜਾਵਾ ਦਿੰਦੀ ਹੈ ਅਤੇ ਈ.ਵੀ.ਐਮ.ਮਸ਼ੀਨਾਂ ਦੀ ਵਰਤੋਂ ਉੱਪਰ ਵਿਦਿਆਰਥੀਆਂ ਦੇ ਦੋ ਗਰੁੱਪਾਂ ਵਿੱਚ ਆਪਸੀ ਬਹਿਸ ਵੀ ਕਰਵਾਈ ਗਈ। ਇਸ ਡੈਮੋ ਪਾਰਲੀਮੈਂਟ ਬਹਿਸ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਅੰਗਰੇਜ਼ੀ ਵਿਭਾਗ

### ਅੰਤਰਰਾਸ਼ਟਰੀ ਮਹਿਲਾ ਦਿਵਸ

ਮਿਤੀ 7 ਮਾਰਚ 2023 ਨੂੰ ਬ.ਜ.ਸ.ਫ.ਸ. ਖਾਲਸਾ ਗਰਲਜ ਕਾਲਜ, ਮੋਰਿੰਡਾ ਵਿਖੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ . ਦੀ ਯੋਗ ਅਗਵਾਈ ਹੇਠ ਅੰਗਰਜੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਸ੍ਰੀਮਤੀ ਚਰਨਜੀਤ ਕੌਰ,ਲੈਕਚਰਾਰ ਪੁਲੀਟੀਕਲ ਸਾਇੰਸ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਤਾਜਪੁਰ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਜੀ ਵਲੋਂ ਗਰੀਨ ਪਲਾਂਟ ਦੇ ਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਅੰਗਰੇਜੀ ਵਿਭਾਗ ਦੇ ਮੁੱਖੀ ਪ੍ਰੋ.ਦਿਵਿਆ ਸ਼ਰਮਾ ਨੇ ਸਟੇਟ ਸੈਕਟਰੀ ਦੀ ਭੂਮਿਕਾ ਨਿਭਾਉਂਦੇ ਹੋਏ ਮਹਿਲਾ ਸਸ਼ਕਤੀਕਰਨ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਸ੍ਰੀਮਤੀ ਚਰਨਜੀਤ ਕੌਰ ਜੀ ਨੇ ਵਿਦਿਆਰਥਣਾਂ ਨਾਲ ਆਪਣੇ ਅਣਮੁੱਲੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸਾਰੇ ਸਟਾਫ ਮੈਂਬਰਾਨ ਅਤੇ ਵਿਦਿਆਰਥਣਾਂ ਸ਼ਾਮਿਲ ਸਨ।

## ਲਾਇਬ੍ਰੇਰੀ ਵਿਭਾਗ

### ਲਾਇਬ੍ਰੇਰੀ ਓਰੀਐਂਟੇਸ਼ਨ ਦਿਵਸ

ਮਿਤੀ 07 ਸਤੰਬਰ 2023 ਨੂੰ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੀ ਅਗਵਾਈ ਅਤੇ ਲਾਇਬ੍ਰੇਰੀਅਨ ਸ੍ਰੀਮਤੀ ਲਵਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਵੱਖ-ਵੱਖ ਵਿਭਾਗਾਂ ਵਿੱਚ ਦਾਖਲਾ ਲੈਣ ਵਾਲੇ ਪਹਿਲੇ ਸਾਲ ਦੇ ਨਵੇਂ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਦਾ ਆਯੋਜਨ ਕੀਤਾ ਗਿਆ। ਨਵੇਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਮਹੱਤਵ ਅਤੇ ਲਾਇਬ੍ਰੇਰੀ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ।

12 ਅਗਸਤ 2023 ਨੂੰ ਲਾਇਬ੍ਰੇਰੀ ਦਿਵਸ ਉੱਤੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਅਤੇ ਲਾਇਬ੍ਰੇਰੀਅਨ ਸ੍ਰੀਮਤੀ ਲਵਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਲਾਇਬ੍ਰੇਰੀ ਦਿਵਸ ਮਨਾਇਆ ਗਿਆ। ਲਾਇਬ੍ਰੇਰੀਅਨ ਸ੍ਰੀਮਤੀ ਲਵਪ੍ਰੀਤ ਕੌਰ ਦੁਆਰਾ ਲਾਇਬ੍ਰੇਰੀ ਦੇ ਮਹੱਤਵ ਉਪਰ ਚਾਨਣਾ ਪਾਇਆ ਗਿਆ ਅਤੇ ਇਸ ਦਿਨ ਦੇ ਮਨਾਏ ਜਾਣ ਪਿੱਛੇ ਜੋ ਇਤਿਹਾਸ ਜੁੜਿਆ ਹੋਇਆ ਉਸ ਬਾਰੇ ਵੀ ਜਾਣੂੰ ਕਰਵਾਇਆ।

## ਪੰਜਾਬੀ ਵਿਭਾਗ :

9 ਅਗਸਤ 2023 ਨੂੰ ਪੰਜਾਬੀ ਵਿਭਾਗ ਦੇ ਮੁਖੀ ਡਾ.ਗੁਰਪ੍ਰੀਤ ਕੌਰ ਅਤੇ ਪ੍ਰੋ.ਦਲਜੀਤ ਕੌਰ ਦੀ ਅਗਵਾਈ ਹੇਠ ਭਾਸ਼ਾ ਮੰਚ ਅਤੇ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਦੀ ਪੰਜਾਬੀ ਨਿਯੁਕਤੀ ਕੀਤੀ ਗਈ। ਸੁਖਦੀਪ ਕੌਰ ਬੀ.ਏ.ਭਾਗ ਤੀਜਾ ਪੰਜਾਬੀ ਸਾਹਿਤ ਸਭਾ ਦਾ ਪ੍ਰਧਾਨ ਚੁਣਿਆ ਗਿਆ। ਕਾਜਲ ਬੀ.ਏ.ਭਾਗ ਦੂਜਾ ਉਪ ਪ੍ਰਧਾਨ ਚੁਣੀ ਗਈ। ਕਾਲਜ ਵਿਚ ਸਥਾਪਤ ਭਾਸ਼ਾ ਮੰਚ ਦੇ ਸਰਪ੍ਰਸਤ ਡਾ.ਗੁਰਪ੍ਰੀਤ ਕੌਰ ਵੱਲੋਂ ਭਾਸ਼ਾ ਮੰਚ ਦੇ ਕੁਸ਼ਲ ਸੰਚਾਲਨ ਲਈ ਭਾਸ਼ਾ ਮੰਚ ਦੇ ਅਹੁਦੇਦਾਰਾਂ ਵਿੱਚ ਪ੍ਰਧਾਨ,ਮੀਤ ਪ੍ਰਧਾਨ ਜਨਰਲ ਸਕੱਤਰ,ਪ੍ਰੈੱਸ ਸਕੱਤਰ ਦੀ ਨਿਯੁਕਤੀ ਕੀਤੀ ਗਈ। ਪ੍ਰਧਾਨ ਵਜੋਂ ਕੋਮਲਪ੍ਰੀਤ ਕੌਰ ਬੀ.ਏ.ਭਾਗ ਤੀਜਾ,ਮੀਤ ਪ੍ਰਧਾਨ ਗੁਰਪ੍ਰੀਤ ਕੌਰ ਬੀ.ਏ.ਭਾਗ ਦੂਜਾ,ਜਰਨਲ ਸਕੱਤਰ ਤਰਨਪ੍ਰੀਤ ਕੌਰ ਬੀ.ਏ.ਭਾਗ ਦੂਜਾ ਅਤੇ ਪ੍ਰੈੱਸ ਸਕੱਤਰ ਕਿਰਨਦੀਪ ਕੌਰ ਬੀ.ਏ.ਭਾਗ ਤੀਜਾ ਦੀ ਨਿਯੁਕਤੀ ਕੀਤੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਵੱਲੋਂ ਪੰਜਾਬੀ ਸਾਹਿਤ ਸਭਾ ਅਤੇ ਭਾਸ਼ਾ ਮੰਚ ਦੇ ਨਵੇਂ ਅਹੁਦੇਦਾਰਾਂ ਨੂੰ ਆਪਣਾ ਕੰਮ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਸੁਨੇਹਾ ਦਿੱਤਾ।

19 ਅਗਸਤ 2023 ਨੂੰ ਕਾਲਜ ਪ੍ਰਿੰ.ਡਾ ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ.ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਕਾਲਜ ਕੈਂਪਸ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਪ੍ਰੋ.ਮਨਜੀਤ ਕੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰੋ.ਮਨਜੀਤ ਕੌਰ ਵੱਲੋਂ ਤੀਆਂ ਦੇ ਇਤਿਹਾਸਕ ਪਿਛੋਕੜ ਉੱਪਰ ਚਾਨਣਾ ਪਾਉਂਦਿਆਂ ਤੀਆਂ ਦੇ ਸਭਿਆਚਾਰਕ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਵੱਲੋਂ ਆਪਣੇ ਵਿਰਾਸਤੀ ਪਹਿਰਾਵੇ ਵਿੱਚ ਸਜੇ ਮਹਿਲਾ ਅਧਿਆਪਕਾਂ ਅਤੇ ਵਿਦਿਆਰਥਣਾਂ ਜੋ ਪੰਜਾਬੀ ਸੱਭਿਆਚਾਰਕ ਦੀ ਬਹੁਤ ਸੋਹਣੀ ਤਸਵੀਰ ਪੇਸ਼ ਕਰ ਰਹੀਆਂ ਸਨ ਦੀ ਸ਼ਲਾਘਾ ਕਰਦਿਆਂ ਆਪਣੇ ਵਿਰਸੇ ਨੂੰ ਸੰਭਾਲਣ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਫੈਸ਼ਨ ਡਿਜਾਇਨਿੰਗ ਵਿਭਾਗ ਦੇ ਪ੍ਰੋ.ਅਲਕਾ ਵੱਲੋਂ ਸੱਭਿਆਚਾਰਕ ਪ੍ਰਦਰਸ਼ਨੀ ਵੀ ਲਗਾਈ ਗਈ।

13 ਜਨਵਰੀ 2024 ਨੂੰ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਅਗਵਾਈ ਹੇਠ ਲੋਹੜੀ ਮਨਾਈ ਗਈ। ਇਸ ਸਮੇਂ ਕਾਲਜ ਦੇ ਮੈਦਾਨ ਵਿਚ ਲੋਹੜੀ ਬਾਲੀ ਗਈ ਅਤੇ ਲੋਹੜੀ ਦੇ ਗੀਤ ਗਾਏ ਗਏ। ਮੂੰਗਫਲੀਆ,ਗੁੜ,ਬਰਫੀ ਖਾਂਦੇ ਗਏ ਅਤੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਸਭ ਸਟਾਫ ਅਤੇ ਵਿਦਿਆਰਥੀਆਂ ਨੂੰ ਲੋਹੜੀ ਦੀਆਂ ਸ਼ੁਭਕਾਮਨਾਵਾਂ ਦਿੱਤੀਆ।

20 ਫਰਵਰੀ 2024 ਨੂੰ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਸਰਪ੍ਰਸਤੀ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ.ਗੁਰਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਕੈਂਪਸ ਵਿਚ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਇਸ ਮੌਕੇ ਸੁੰਦਰ ਲਿਖਾਈ ਮੁਕਾਬਲੇ ਅਤੇ ਕਾਵਿ ਪ੍ਰਤਿਯੋਗਤਾ ਦਾ ਆਯੋਜਨ ਕੀਤਾ ਗਿਆ। ਸੁੰਦਰ ਲਿਖਾਈ ਮੁਕਾਬਲੇ ਵਿਚ ਬੀ.ਸੀ.ਏ .ਭਾਗ ਪਹਿਲਾ ਦੀ ਵਿਦਿਆਰਥਣ ਰਮਨਦੀਪ ਕੌਰ ਨੇ ਪਹਿਲਾ,ਹਰਸ਼ਦੀਪ ਕੌਰ ਬੀ.ਕਾਮ.ਭਾਗ ਤੀਜਾ ਨੇ ਦੂਸਰਾ ਅਤੇ ਕੋਮਲ ਰਾਣੀ ਬੀ.ਏ.ਭਾਗ ਦੂਜਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਵਿ ਉਚਾਰਨ ਮੁਕਾਬਲੇ ਵਿਚ ਰਮਨਦੀਪ ਕੌਰ ਬੀ.ਸੀ.ਏ.ਭਾਗ ਪਹਿਲਾ ਨੇ ਪਹਿਲਾ ਕੋਮਲਪ੍ਰੀਤ ਕੌਰ ਬੀ.ਏ.ਭਾਗ ਤੀਜਾ ਨੇ ਦੂਸਰਾ ਅਤੇ ਹਰਪ੍ਰੀਤ ਕੌਰ ਬੀ.ਏ.ਭਾਗ ਦੂਜਾ ਨੇ ਤੀਜਾ ਸਥਾਨ ਹਾਸਿਲ ਕੀਤਾ। ਪੰਜਾਬੀ ਵਿਭਾਗ ਦੇ ਮੁਖੀ ਡਾ.ਗੁਰਪ੍ਰੀਤ ਕੌਰ ਵਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਇਤਿਹਾਸਕ ਪਿਛੋਕੜ ਉਪਰ ਪ੍ਰਕਾਸ਼ ਪਾਇਆ ਗਿਆ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਵਲੋਂ ਜੇਤੂ ਵਿਦਿਆਰਥਣਾਂ ਨੂੰ ਇਨਾਮ ਪ੍ਰਦਾਨ ਕੀਤੇ ਗਏ ਅਤੇ ਸਭ ਨੂੰ ਮਾਂ ਬੋਲੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।

## ਫੈਸ਼ਨ ਡਿਜ਼ਾਇਨਿੰਗ ਵਿਭਾਗ

ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇੰਟਰਪ੍ਰੇਨਿਉਰਸ਼ਿਪ ਇਨੋਵੇਸ਼ਨ,ਕੈਰੀਅਰ ਹੱਬ ਯੁਵਕ ਵਿਭਾਗ ਤੇ ਐਨ.ਐੱਸ.ਐੱਸ. ਵਿਭਾਗ ਦੁਆਰਾ ਵਰਲਡ ਇੰਟਰਪ੍ਰੇਨਿਉਰਸ਼ਿਪ ਦੇ ਮੌਕੇ ਕਰਵਾਈਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਦੱਸਿਆ ਕਿ ਖਾਲਸਾ ਗਰਲਜ਼ ਕਾਲਜ ਮੋਰਿੰਡਾ ਦੇ ਫੈਸ਼ਨ ਡਿਜਾਇਨਿੰਗ ਵਿਭਾਗ ਵੱਲੋਂ ਇਸ ਪ੍ਰਤੀਯੋਗਿਤਾ ਵਿੱਚ ਵਿਭਾਗ ਦੇ ਮੁਖੀ ਪ੍ਰੋ. ਅਲਕਾ ਰਾਣੀ ਦੀ ਦੇਖ-ਰੇਖ ਹੇਠ ਵਿਦਿਆਰਥਣਾਂ ਕਾਜਲ ਕੁਮਾਰੀ ,ਹਰਮਨਦੀਪ ਕੌਰ ,ਸੁਮਨਦੀਪ ਕੌਰ,ਹਸਨਦੀਪ ਕੌਰ ਤੇ ਜਸਪ੍ਰੀਤ ਕੌਰ ਨੇ ਭਾਗ ਲਿਆ। ਉਨਾਂ ਦੱਸਿਆ ਕਿ ਫੁਲਕਾਰੀ ਪ੍ਰਤੀਯੋਗਿਤਾ ਵਿੱਚ ਕਾਜਲ ਕੁਮਾਰੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥਣਾਂ ਨੂੰ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਹਰਬੰਸ ਸਿੰਘ ਕੰਧੋਲਾ ਤੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।

ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ ਵਿਚ ਮਹਿਲਾ ਦਿਵਸ ਉੱਤੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਪ੍ਰੋਫੈਸਰ ਅਲਕਾ ਰਾਣੀ ਦੀ ਅਗਵਾਈ ਹੇਠ ਪ੍ਰਦਰਸ਼ਨੀ ਲਗਾਈ ਗਈ।

## ਕਾਮਰਸ ਵਿਭਾਗ

5 ਮਾਰਚ 2024 ਨੂੰ ਕਾਮਰਸ ਵਿਭਾਗ ਵੱਲੋ ਇੱਕ ਰੋਜ਼ਾ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ICICI Foundation (Khunni Majra) ਦੇ ਮੈਂਬਰ ਸੁਪਰੀਤ ਚਾਵਲਾ ਵੱਲੋ ਵਿਦਿਆਰਥੀਆਂ ਨੂੰ ਵਿੱਤੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਵਿਦਿਆਰਥੀਆ ਨੂੰ ਦੱਸਿਆ ਕਿ ਤੁਸੀ ਕਿਵੇਂ ਆਪਣੇ ਧਨ ਨੂੰ ਸੰਭਾਲ ਸਕਦੇ ਹੋ।

## ਹੋਰ ਗਤੀਵਿਧੀਆਂ

1 ਅਗਸਤ 2023 ਨੂੰ ਕਾਲਜ ਦੇ ਨਵੇਂ ਵਿਦਿਅਕ ਸ਼ੈਸ਼ਨ 2023-24 ਦੀ ਸੁਰੂਆਤ ਕਾਲਜ ਵਿੱਚ ਸਸ਼ੋਭਿਤ ਸ੍ਰੀ ਦਰਬਾਰ ਸਾਹਿਬ ਵਿੱਚ ਅਰਦਾਸ ਨਾਲ ਕੀਤੀ ਗਈ। ਇਸ ਉਪਰੰਤ ਕਾਲਜ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਕਲਾਸ ਇੰਚਾਰਜਾਂ ਦੁਆਰਾ ਕਾਲਜ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਨੂੰ ਕਾਲਜ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ।

1 ਸਤੰਬਰ 2023 ਨੂੰ ਹਰ ਸਾਲ ਦੀ ਤਰਾਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੇ ਜਨਮ ਦਿਹਾੜੇ ਨੂੰ ਮਨਾਉਦੇ ਹੋਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਰਣਜੀਤ ਕੌਰ ਦੀ ਅਗਵਾਈ ਹੇਠ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਜੀਵਨ ਅਤੇ ਕੁਰਬਾਨੀ ਸੰਬੰਧੀ ਦੱਸਦਿਆਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਿਸਾਲ ਪੂਰੀ ਦੁਨੀਆ ਵਿੱਚ ਕਿਤੇ ਵੀ ਨਹੀਂ ਮਿਲਦੀ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੁਆਰਾ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ. ਮੋਰਿੰਡਾ ਸ੍ਰੀ ਦੀਪਾਂਕਰ ਗਰਗ ,ਅੰਮਿਤ ਕੌਰ ਨਾਗਰਾ ,ਜਗੀਰ ਸਿੰਘ ਦੁੱਮਣਾ ਕਮੇਟੀ ਮੈਂਬਰ ਜੋਰਾ ਸਿੰਘ ,ਰੁਪਿੰਦਰ ਸਿੰਘ ਭੰਗੂ,ਪ੍ਰਿਤਪਾਲ ਸਿੰਘ,ਤਾਰਾ ਸਿੰਘ ਚਹਿਲ ,ਭਜਨ ਸਿੰਘ ਸ਼ੇਰਗਿਲ ਸੁਰਿੰਦਰ ਕੌਰ ਹੀਰਾ ,ਯੋਗਤਾ ਰਾਵਤ,ਗੁਰਪ੍ਰੀਤ ਕੌਰ,ਤਰਲੋਚਨ ਸਿੰਘ ਕੰਗ,ਮੋਹਨ ਅਰੋੜਾ ,ਸਾਬਕਾ ਪ੍ਰੋ.ਰਣਜੀਤ ਕੌਰ ਅਤੇ ਸਮੂਹ ਸਟਾਫ ਨੇ ਹਾਜ਼ਰੀ ਭਰੀ।

ਪੋਸਟ ਮੈਟਿਕ ਸਕਾਲਰਸ਼ਿਪ ਸਕੀਮ ਤਹਿਤ ਜਾਗਰੂਕਤਾ ਕੈਂਪ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਹੇਠ ਪੰਜਾਬ ਸਰਕਾਰ ਦੀ ਸਮਾਜਿਕ ਨਿਆ ਅਧਿਕਾਰ ਤੇ ਅਲਪ ਸੰਖਿਅਕ ਵਿਭਾਗ ਦੀ ਨੋਡਲ ਅਫਸਰ ਸ਼੍ਰੀਮਤੀ ਅਨੀਤਾ ਸ਼ਰਮਾ ਦੀ ਯੋਗ ਅਗਵਾਈ ਹੇਠ ਕਾਲਜ ਕੈਂਪਸ ਵਿੱਚ ਪੋਸਟ ਮੈਟਿਕ ਸਕਾਲਰਸ਼ਿਪ ਸਕੀਮ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਇੱਕ ਦਿਨਾਂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜਿਲਾ ਕਲਿਆਣ ਦਫਤਰ ਰੋਪੜ ਤੋਂ ਸਰਦਾਰ ਸਮਜੋਤ ਸਿੰਘ ਨੇ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ। ਉਨਾਂ ਨੇ ਵਿਦਿਆਰਥਣਾਂ ਨੂੰ ਸਰਕਾਰ ਦੁਆਰਾ ਚਲਾਈ ਜਾ ਰਹੀ ਪੋਸਟ ਮੈਟਿਕ ਸਕਾਲਰਸ਼ਿਪ ਸਕੀਮ ਬਾਰੇ ਜਾਣਕਾਰੀ ਦਿੰਦੇ ਹੋਏ ਐੱਸ.ਸੀ ਅਤੇ ਬੀ.ਸੀ.ਵਿਦਿਆਰਥੀ ਇਸ ਸਕੀਮ ਦਾ ਵੱਧ ਤੋ ਵੱਧ ਕਿਸ ਤਰਾਂ ਲਾਭ ਲੈ ਸਕਦੇ ਹਨ,ਬਾਰੇ ਬਹੁਮੁੱਲੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ।

26 ਜਨਵਰੀ 2024 ਨੂੰ ਕਾਲਜ ਕੈਂਪਸ ਵਿੱਚ 75 ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਤਹਿਸੀਲਦਾਰ ਮੋਰਿੰਡਾ ਸ੍ਰੀ ਪੁਨੀਤ ਬਾਂਸਲ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਉਪਮੰਡਲ ਮੈਜਿਸਟ੍ਰੇਟ ਮੋਰਿੰਡਾ ਸ੍ਰੀ ਦੀਪਾਂਕਰ ਗਰਗ ਸ਼ਾਮਿਲ ਹੋਏ। ਸਮਾਗਮ ਦਾ ਆਰੰਭ ਮੁੱਖ ਮਹਿਮਾਨ ਦੀਪਾਂਕਰ ਗਰਗ ਵੱਲੋਂ ਰਾਸ਼ਟਰੀ ਝੰਡਾ ਲਹਿਰਾ ਕੇ ਕੀਤਾ ਗਿਆ। ਇਸ ਸਮੇਂ ਪੰਜਾਬ ਪੁਲਿਸ ਦੀ ਇੱਕ ਟੁਕੜੀ ਵੱਲੋਂ ਡੀ.ਐਸ.ਪੀ.ਮੋਰਿੰਡਾ ਸਰਦਾਰ ਮਨਜੀਤ ਸਿੰਘ ਔਲਖ ਦੀ ਅਗਵਾਈ ਵਿੱਚ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ ਹੈ ਅਤੇ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ। ਇਸ ਉਪਰੰਤ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਗਿੱਧੇ ਵਿੱਚ ਦੇਸ਼ ਭਗਤਾਂ ਨੂੰ ਸਮਰਪਿਤ ਬੋਲੀਆਂ ਪਾ ਕੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੁਆਰਾ ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਗਣਤੰਤਰ ਦਿਵਸ ਉੱਤੇ ਗੀਤ,ਗਿੱਧਾ ਅਤੇ ਕਾਵਿ ਉਚਾਰਨ ਵਿੱਚ ਹਿੱਸਾ ਲੈਣ ਵਾਲੀਆਂ ਵਿਦਿਆਰਥਣਾਂ ਦੀ ਸ਼ਲਾਘਾ ਕੀਤੀ ਗਈ।

12 ਮਾਰਚ 2024 ਨੂੰ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੀ ਸਰਪ੍ਰਸਤੀ ਹੇਠ ਕਾਲਜ ਦੀ ਟੂਰ ਕਮੇਟੀ ਦੇ ਇੰਚਾਰਜ ਪ੍ਰੋ.ਨਵਜੋਤ ਕੌਰ ਦੀ ਅਗਵਾਈ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਦਾ ਇੱਕ ਦਿਨਾਂ ਵਿਦਿਅਕ ਟੂਰ ਲਿਜਾਇਆ ਗਿਆ। ਇਸ ਇਕ ਦਿਨਾਂ ਟੂਰ ਦੌਰਾਨ ਪਿੰਜੌਰ ਗਾਰਡਨ ਅਤੇ ਰਾਮਗੜ ਕਿਲੇ ਬਾਰੇ ਇਤਿਹਾਸਕ ਜਾਣਕਾਰੀ ਹਾਸਿਲ ਕੀਤੀ।

25 ਅਪ੍ਰੈਲ 2024 ਨੂੰ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਬੀ.ਏ,ਬੀ.ਕਾਮ,ਬੀ.ਸੀ.ਏ, ਭਾਗ ਦੂਜਾ ਦੇ ਵਿਦਿਆਰਥੀਆਂ ਦੁਆਰਾ ਬੀ.ਏ,ਬੀ.ਕਾਮ,,ਬੀ.ਬੀ.ਏ,ਬੀ.ਸੀ.ਏ,ਭਾਗ ਤੀਜਾ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਵਿਦਾਇਗੀ ਪਾਰਟੀ ਦੌਰਾਨ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਤੀਜੇ ਸਾਲ ਦੀਆਂ ਵਿਦਿਆਰਥਣਾਂ ਲਈ ਫੈਸ਼ਨ ਸ਼ੋਅ ਅਤੇ ਰੈਂਪ ਵਾਕ ਦਾ ਆਯੋਜਨ ਕੀਤਾ ਗਿਆ। ਤੀਜੇ ਸਾਲ ਦੀਆਂ ਵਿਦਿਆਰਥਣਾਂ ਦੁਆਰਾ ਆਪਣੇ ਕਾਲਜ ਵਿੱਚ ਬਿਤਾਏ ਤਿੰਨ ਸਾਲਾਂ ਦੇ ਸਫਰ ਬਾਰੇ ਆਪਣੀਆਂ ਯਾਦਾਂ ਅਤੇ ਤਜ਼ਰਬੇ ਵੀ ਸਾਂਝੇ ਕੀਤੇ ਗਏ। ਇਸ ਵਿਦਾਇਗੀ ਪਾਰਟੀ ਦੌਰਾਨ ਹਸਨਪ੍ਰੀਤ ਕੌਰ ਬੀ.ਏ.ਭਾਗ ਤੀਜਾ ਨੂੰ ਮਿਸ ਫੇਅਰਵੈੱਲ,ਜਸ਼ਨਪ੍ਰੀਤ ਕੌਰ ਬੀ.ਸੀ.ਏ.ਭਾਗ ਤੀਜਾ ਨੂੰ ਮਿਸ ਪਰਸਨੈਲਿਟੀ ਅਤੇ ਅਮਨਪ੍ਰੀਤ ਕੌਰ ਐਮ.ਐਸ.ਸੀ.ਆਈ.ਟੀ.ਭਾਗ ਦੂਜਾ ਨੂੰ ਮਿਸ ਕੌਨਫੀਡੈਂਸ ਦੇ ਰੂਪ ਵਿੱਚ ਚੁਣਿਆ ਗਿਆ। ਇਸ ਵਿਦਾਇਗੀ ਪਾਰਟੀ ਵਿੱਚ ਕਾਲਜ ਦੇ ਦੂਜੇ ਸਾਲ ਅਤੇ ਤੀਜੇ ਸਾਲ ਦੇ ਵਿਦਿਆਰਥੀਆਂ ਤੋਂ ਇਲਾਵਾ ਸਮੁੱਚਾ ਸਟਾਫ ਵੀ ਹਾਜ਼ਰ ਸੀ।

## ਕਾਲਜ ਸਟਾਫ਼ ਦੀਆਂ ਅਕਾਦਮਿਕ ਪ੍ਰਾਪਤੀਆਂ :

[illegible] ਦੇ ਅਧਿਆਪਕਾਂ ਨੇ ਆਪਣਾ ਗਿਆਨ update ਕਰਨ ਲਈ ਵੱਖ-ਵੱਖ ਸੈਮੀਨਾਰ/[illegible]/ਕਾਨਫਰੰਸਾਂ ਵਿਚ ਭਾਗ ਲੈਣ ਤੋਂ ਇਲਾਵਾ ਵੱਖ-ਵੱਖ ਜਰਨਲਜ਼/ਕਿਤਾਬਾਂ ਵਿਚ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ:-

**ਸਹਾਇਕ ਪ੍ਰੋਫੈਸਰ ਡਾ.ਗੁਰਪ੍ਰੀਤ ਕੌਰ**

| Faculty Name | Topic Name | Journal/Book | Impact Factor/Month/year | ISSN/ISBN No. |
|---|---|---|---|---|
| ਡਾ.ਗੁਰਪ੍ਰੀਤ ਕੌਰ | [illegible] Shri Guru Gobind Singh JI Di Ik Mahan Kavi Vajo Den | International Journal of Current Sciences | june 2024 | 2250-1770 |

| | | |
|---|---|---|
| ਫੈਕਲਟੀ ਇੰਡਕਸ਼ਨ ਪ੍ਰੋਗਰਾਮ | ਮਿਤੀ 9 ਜਨਵਰੀ ਤੋਂ 6 ਫਰਵਰੀ 2024 | MMTTC ਪੰਜਾਬੀ ਯੂਨੀਵਰਸਿਟੀ,ਪਟਿਆਲਾ। |

**ਸਹਾਇਕ ਪ੍ਰੋ.ਰਾਜਵਿੰਦਰ ਕੌਰ**

| | | |
|---|---|---|
| ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ | ਮਿਤੀ 3 ਜਨਵਰੀ ਤੋਂ 12 ਜਨਵਰੀ 2024 | MMTTC ਪੰਜਾਬੀ ਯੂਨੀਵਰਸਿਟੀ,ਪਟਿਆਲਾ। |

| Book Name | Topic | Publisher | ISBN NO. |
|---|---|---|---|
| Sardar Vallab Bhai Patel-Vision For the Future of Ondra | Sardar Vallab Bhai Patel-The Strongest Advocate of Secular India | Aasta Parkashan Grih,Jalandhar 2024 | 9788 1970 7086 489 |

**National Seminar:-**

| Seminar | Topic | Organised By | Dated |
|---|---|---|---|
| National Seminar on Indian Democracy | Mahatma Gandhi Indian Democracy | School of Science and Humanities ,Lords University Alwar,Rajsthan | 23 Sept 2023 |

**ਸਹਾਇਕ ਪ੍ਰੋ.ਜਸ[illegible] ਕੌਰ**

| | | |
|---|---|---|
| ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ | ਮਿਤੀ 3 ਜਨਵਰੀ ਤੋਂ 12 ਜਨਵਰੀ 2024 | MMTTC ਪੰਜਾਬੀ ਯੂਨੀਵਰਸਿਟੀ,ਪਟਿਆਲਾ। |

**ਸਹਾਇਕ ਪ੍ਰੋ.ਬੇਅੰ[illegible]**

| | | |
|---|---|---|
| ਫੈਕਲਟੀ ਡਿਵੈਲਪਮੈਂ[illegible] ਪ੍ਰੋਗਰਾਮ | ਮਿਤੀ 3 ਜਨਵਰੀ ਤੋਂ 12 ਜਨਵਰੀ 2024 | MMTTC ਪੰਜਾਬੀ ਯੂਨੀਵਰਸਿਟੀ,ਪਟਿਆਲਾ। |

**ਸਹਾਇਕ ਪ੍ਰੋਫੈਸਰ ਦਲਜੀਤ ਕੌਰ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਤਿਹਾਸ ਵਿਭਾਗ ਵੱਲੋਂ 54 ਵੀ ਕਾਨਫਰੰਸ ਕਰਵਾਈ ਗਈ। ਜੋ ਕਿ ਮਿਤੀ 26-28 ਅਪ੍ਰੈਲ 2024 ਤੱਕ ਚੱਲੀ। ਇਸ ਕਾਨੰਫਰਸ ਵਿਚ ਮਿਤੀ 27 ਅਪ੍ਰੈਲ 2024 ਨੂੰ ਪੰਜਾਬ ਸੰਕਟ (1984) ਦਾ ਇਤਿਹਾਸਿਕ ਅਤੇ ਰਾਜਨੀਤਿਕ ਪਿਛੋਕੜ ਵਿਸ਼ੇ ਉੱਤੇ ਪੇਪਰ ਪੜ੍ਹਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 35 ਵੀ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨੰਫਰਸ ਕਰਵਾਈ ਗਈ। ਇਸ ਕਾਨਫਰੰਸ ਵਿਚ 5-7 ਦਸੰਬਰ 2023 ਨੂੰ ਪੰਜਾਬ ਦਾ ਆਰਥਿਕ ਸੰਕਟ ਸੰਖੇਪ ਜਾਇਜ਼ ਵਿਸ਼ੇ ਉੱਤੇ ਖੋਜ ਪੱਤਰ ਪੜ੍ਹਿਆ।

ਦਿੱਲੀ ਯੂਨੀਵਰਸਿਟੀ,ਦਿੱਲੀ ਵਿਖੇ ਪੰਜਾਬੀ ਵਿਭਾਗ ਵੱਲੋਂ 28 ਫਰਵਰੀ 2023 ਨੂੰ ਇੱਕ ਦਿਨ ਦਾ ਸੈਮੀਨਾਰ ਕਰਵਾਇਆ। ਜਿਸ ਵਿਚ ਸ਼ਾਮਲ ਹੋਣ ਉਤੇ ਪ੍ਰਮਾਣ ਪੱਤਰ ਮਿਲਿਆ

| ਨਾਮ | ਪੁਸਤਕ ਦਾ ਨਾਂ | ਪ੍ਰਕਾਸ਼ਕ ਤੇ ਪ੍ਰਕਾਸ਼ਨ ਸਾਲ |
|---|---|---|
| ਦਲਜੀਤ ਕੌਰ | ਰੂਹਾਂ ਦੇ ਹਰਫ(ਕਾਵਿ ਸੰਗ੍ਰਹਿ) | ਪੰਜਾਬੀ ਕਵੀ ਪਬਲਿਕੇਸ਼ਨ2023 |